
ਬਲਿਹਾਰੀ ਕੁਦਰਤਿ ਵਸਿਆ
ਸ੍ਰੀ ਭੈਣੀ ਸਾਹਿਬ ਦੇ ਕੁਦਰਤੀ ਨਜ਼ਾਰਿਆਂ ਦੀ ਇਕ ਝਲਕ


ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਵਿਸ਼ਵ ਨਾਮਧਾਰੀ ਸੰਗਤ
ਸ੍ਰੀ ਭੈਣੀ ਸਾਹਿਬ

ਸਮਰਪਿਤ

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਪ੍ਰਕਾਸ਼ ਸ਼ਤਾਬਦੀ

## ੧੯੨੦-੨੦੨੦













**ਬੇਅੰਤਾ ਬੇਅੰਤ ਗੁਣ ਤੇਰੇ ਕੇਤਕ ਗਾਵਾ ਰਾਮ ॥**
**ਤੇਰੇ ਚਰਣਾ ਤੇਰੇ ਚਰਣ ਧੂੜਿ ਵਡਭਾਗੀ ਪਾਵਾ ਰਾਮ ॥**

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# ਬਲਿਹਾਰੀ ਕੁਦਰਤਿ ਵਸਿਆ

## ਸ੍ਰੀ ਭੈਣੀ ਸਾਹਿਬ

## ਦੇ ਕੁਦਰਤੀ ਨਜ਼ਾਰਿਆਂ ਦੀ ਇਕ ਝਲਕ

# Balhari Kudrat Vasiya

A pictorial book depicting

the Naturalal beauty of

Sri Bhaini Sahib


ਕਿਰਪਾਲ ਸਿੰਘ ਚਾਨਾ

Kirpal Singh Chana

NamdhariElibrary@gmail.com

kirpalchana@gmail.com












ਸਚੇ ਮੇਰੇ ਸਾਹਿਬਾ ਸਚੀ ਤੇਰੀ ਵਡਿਆਈ ॥
ਤੂੰ ਪਾਰਬ੍ਰਹਮੁ ਬੇਅੰਤੁ ਸੁਆਮੀ
ਤੇਰੀ ਕੁਦਰਤਿ ਕਹਣੁ ਨ ਜਾਈ ॥



## ਰੁਬਾਈਆਂ

ਕਾਇਨਾਤ ਲੈ ਕੇ ਸਭ ਆਈ ਸੋਹਜ ਸਵਾਦ ਸੰਜੋ ਕੇ
ਗੁਰ ਚਰਨੀ ਉਲਟਾਈ ਝੋਲੀ ਨੱਤ ਮਸਤਕ ਉਸ ਹੋ ਕੇ
ਭੈਣੀ ਦੀ ਪਾਵਨ ਧਰਤੀ ਤੇ ਆਣ ਉਲਦਿਆ ਸਾਰਾ
ਸ਼ਾਨ ਸਵਰਗੀ ਭੇਟਾ ਕਰ ਗਈ ਚਰਨਾ ਵਿੱਚ ਖਲੋ ਕੇ
ਸਾਰੇ ਫੁੱਲ ਜਹਾਨੋ ਲੈ ਕੇ ਵਿੱਚ ਤਰਤੀਬ ਸਵਾਰੇ
ਆ ਰਿਤੂਰਾਜ ਸਜਾਈ ਧਰਤੀ ਖੇੜੇ ਅਜਬ ਨਜ਼ਾਰੇ
ਆਣ ਰਤੀ ਫਿਰ ਹੁਸਨ ਪਲਟਿਆ ਜਾਦੂ ਭਰਿਆ ਜੂਹੀਂ
ਬਾਗ ਬਗੀਚੇ ਪਾਰਕ ਲੱਗਣ ਇਕ ਦੂ ਇਕ ਪਿਆਰੇ
ਜਾਪੇ ਜਿਵੇਂ ਸਜਾਈ ਭੈਣੀ ਆਣ ਬਹਿਸ਼ਤੋਂ ਮਾਲੀ
ਫੁੱਲ ਮੁਸਕਾਏ ਪੱਤੀਆਂ ਨੱਚੀਆਂ ਹੋਈ ਨਜਰ ਸਵਾਲੀ
ਰੂਹ ਤੇ ਛਾਇਆ ਜਾਦੂ ਐਸਾ ਮਨ ਤਨ ਕੀਲ ਬਹਾਇਆ
ਖੁਸ਼ਬੂਆਂ ਰੰਗਾਂ ਨੇ ਮਿਲ ਕੇ ਪਵਨ ਕਰੀ ਮਤਵਾਲੀ
ਇਹ ਸਤਗੁਰ ਦੀ ਰਹਿਮਤ ਨਿਹਮਤ ਜਿੱਥੇ ਚਰਨ ਟਿਕਾਵੇ
ਸੁੱਕਾ ਢੀਂਗਰ ਕੰਡਿਆਂ ਭਰਿਆ ਹੋ ਗੁਲਦਸਤਾ ਜਾਵੇ
ਸੁੰਦਰਤਾ ਕੁੱਲ ਦੁਨੀਆਂ ਵਾਲੀ ਬਣ ਚਰਨਾ ਦੀ ਦਾਸੀ
ਬਾਜਵਿਆ ਗੁਲਜਾਰਾਂ ਖੇੜੇ ਕਦਮਾਂ ਵਿੱਚ ਵਿਛਾਵੇ

**ਲਖਵਿੰਦਰ ਸਿੰਘ ਬਾਜਵਾ**















































































## ਰੁਬਾਈਆਂ

ਕਾਇਨਾਤ ਲੈ ਕੇ ਸਭ ਆਈ ਸੋਹਜ ਸਵਾਦ ਸੰਜੋ ਕੇ
ਗੁਰ ਚਰਨੀ ਉਲਟਾਈ ਝੋਲੀ ਨੱਤ ਮਸਤਕ ਉਸ ਹੋ ਕੇ
ਭੈਣੀ ਦੀ ਪਾਵਨ ਧਰਤੀ ਤੇ ਆਣ ਉਲਦਿਆ ਸਾਰਾ
ਸ਼ਾਨ ਸਵਰਗੀ ਭੇਟਾ ਕਰ ਗਈ ਚਰਨਾ ਵਿੱਚ ਖਲੋ ਕੇ
ਸਾਰੇ ਫੁੱਲ ਜਹਾਨੋ ਲੈ ਕੇ ਵਿੱਚ ਤਰਤੀਬ ਸਵਾਰੇ
ਆ ਰਿਤੂਰਾਜ ਸਜਾਈ ਧਰਤੀ ਖੇੜੇ ਅਜਬ ਨਜ਼ਾਰੇ
ਆਣ ਰਤੀ ਫਿਰ ਹੁਸਨ ਪਲਟਿਆ ਜਾਦੂ ਭਰਿਆ ਜੂਹੀਂ
ਬਾਗ ਬਗੀਚੇ ਪਾਰਕ ਲੱਗਣ ਇਕ ਦੂ ਇਕ ਪਿਆਰੇ

ਜਾਪੇ ਜਿਵੇਂ ਸਜਾਈ ਭੈਣੀ ਆਣ ਬਹਿਸ਼ਤੋਂ ਮਾਲੀ
ਫੁੱਲ ਮੁਸਕਾਏ ਪੱਤੀਆਂ ਨੱਚੀਆਂ ਹੋਈ ਨਜਰ ਸਵਾਲੀ
ਰੂਹ ਤੇ ਛਾਇਆ ਜਾਦੂ ਐਸਾ ਮਨ ਤਨ ਕੀਲ ਬਹਾਇਆ
ਖੁਸ਼ਬੂਆਂ ਰੰਗਾਂ ਨੇ ਮਿਲ ਕੇ ਪਵਨ ਕਰੀ ਮਤਵਾਲੀ
ਇਹ ਸਤਗੁਰ ਦੀ ਰਹਿਮਤ ਨਿਹਮਤ ਜਿੱਥੇ ਚਰਨ ਟਿਕਾਵੇ
ਸੁੱਕਾ ਢੀਂਗਰ ਕੰਡਿਆਂ ਭਰਿਆ ਹੋ ਗੁਲਦਸਤਾ ਜਾਵੇ
ਸੁੰਦਰਤਾ ਕੁੱਲ ਦੁਨੀਆਂ ਵਾਲੀ ਬਣ ਚਰਨਾ ਦੀ ਦਾਸੀ
ਬਾਜਵਿਆ ਗੁਲਜਾਰਾਂ ਖੇੜੇ ਕਦਮਾਂ ਵਿੱਚ ਵਿਛਾਵੇ

**ਲਖਵਿੰਦਰ ਸਿੰਘ ਬਾਜਵਾ**
















































# ਭੈਣੀ ਸਾਹਿਬ ਦੀ ਸੁੰਦਰਤਾ

ਕੁਦਰਤ ਕੀਤੇ ਸੋਲਾਂ ਹਾਰ ਤੇ ਸ਼ਿੰਗਾਰ ਜਦੋਂ, ਭੈਣੀ ਵਿੱਚ ਰਾਮ ਗੁਰ ਲਿਆ ਅਵਤਾਰ ਸੀ।
ਵਰ੍ਹਿਆ ਅਕਾਸ਼ੋਂ ਨੂਰ, ਬਾਗਾਂ ਤੇ ਨਿਖਾਰ ਆਇਆ, ਫੁੱਲ ਗੁੰਚੇ ਟਹਿਕੇ ਆਇਆ ਮੌਸਮ ਬਹਾਰ ਸੀ।
ਸਰੋਂਆਂ ਨੇ ਖੇਤਾਂ ਚ ਖਿਲਾਰਿਆ ਅਤੁੱਲ ਸੋਨਾ, ਟਿੱਬਿਆਂ ਦੇ ਉੱਤੇ ਵੇਖੀ ਖਿੜੀ ਗੁਲਜ਼ਾਰ ਸੀ।
ਪੱਤਾ ਪੱਤਾ ਆਖਦਾ ਸੀ ਰੱਬੀ ਨੂਰ ਆਇਆ ਅੱਜ, ਸੁਆਗਤ ਲਈ ਓਸਦੇ ਪਰੋਏ ਫਿਜਾ ਹਾਰ ਸੀ।
ਰਾਮ ਦੇ ਵਿਛੋੜੇ ਵਿੱਚ ਖਿਜਾ ਆਈ ਭੈਣੀ ਉੱਤੇ, ਗੁਰੂ ਹਰੀ ਸਿੰਘ ਛੱਟਾ ਨਾਮ ਵਾਲਾ ਮਾਰ ਕੇ।
ਹਰੀ ਰਹੇ ਸਿੱਖੀ ਰੂਪ ਭੈਣੀ ਦਾ ਗਵਾਚੇ ਨਾਹੀ^, ਕੀਤੇ ਸੀ ਯਤਨ ਉਹਨਾ ਸੁਖ ਸਾਰੇ ਵਾਰ ਕੇ।
ਆਇਆ ਪ੍ਰਤਾਪ ਗਿਆ ਸਾਇਆ ਸੀ ਗੁਲਾਮੀਆਂ ਦਾ, ਉਹਨੇ ਕੀਤਾ ਹਰਾ ਚਿਹਰਾ ਏਸ ਦਾ ਨਿਖਾਰ ਕੇ।
ਫੇਰ ਜਗਜੀਤ ਗੁਰ ਖੇੜੀ ਗੁਲਜਾਰ ਖੂਬ, ਸੁਰਗਾਂ ਦੇ ਜਿਹਾ ਰੂਪ ਭੈਣੀ ਬੈਠੀ ਧਾਰ ਕੇ।
ਮੋਤੀਆ ਚਮੇਲੀ ਗੇਂਦਾ ਫੁੱਲਿਆ ਗੁਲਾਬ ਦਿਸੇ, ਚੰਬੇ ਦੀਆਂ ਡਾਲੀਆਂ ਨੇ ਫਿਜਾ ਨੂੰ ਸ਼ਿੰਗਾਰਿਆ।
ਪਾਰਕਾਂ ਚ ਹਰਾ ਹਰਾ ਘਾਹ ਸੀ ਮੁਲਾਇਮ ਜਿਹਾ, ਲੱਗੇ ਗੁਰ ਵਾਂਗਰਾਂ ਕਲੀਨ ਦੇ ਸਵਾਰਿਆ ।
ਰੁੱਖਾਂ ਵੱਲ ਵੇਖ ਭੁੱਖ ਲੱਥਦੀ ਜਹਾਨ ਵਾਲੀ ਨਜ਼ਰਾਂ ਦਾ ਜਦੋਂ ਨਜ਼ਰਾਨਾ ਕਿਸੇ ਤਾਰਿਆ।
ਵੇਖ ਕੇ ਬਹਾਰ ਗੁਲਜ਼ਾਰ, ਮੂੰਹੋਂ ਕਹਿਣ ਸਾਰੇ, ਧੰਨ ਦਾਤਾ ਧੰਨ ਤੈਨੂੰ ਸਦਾ ਨਿਮਸਕਾਰ ਆ।
ਰਹਿਮਤਾਂ ਤੇ ਨਿਹਮਤਾਂ ਲੈ ਗੁਰੂ ਜਗਜੀਤ ਕੋਲੋਂ, ਸਤਿਗੁਰੂ ਉਦੇ ਸਿੰਘ ਮਿਹਰ ਵਰਸਾਈ ਏ।
ਦਿਸਿਆ ਨਜ਼ਾਰਾ ਹੀ ਨਿਆਰਾ ਇੱਕ ਨਜ਼ਰਾਂ ਨੂੰ, ਘਾਹ ਹਰੇ ਉੱਤੇ ਜਦੋਂ ਮੋਰ ਪੈਲ ਪਾਈ ਏ।
ਫੁੱਲਾਂ ਦੀਆਂ ਕਿਸਮਾਂ ਹਜ਼ਾਰਾਂ ਮਨ ਮੋਹ ਲੈਣ, ਜਾਪੇ ਜਿਵੇਂ ਕੁਦਰਤ ਕੀਲ ਕੇ ਬਹਾਈ ਏ।
ਭੈਣੀ ਵਾਲੀ ਝਾਕ ਝਾਕੀ ਝਾਕ ਨਹੀ ਰਹੀ ਬਾਕੀ, ਨੈਣਾਂ ਰਾਹੀਂ ਫੋਟੋ ਇਹਦੀ ਦਿਲਾਂ ਚ ਸਮਾਈ ਏ।
ਮਨ ਮੋਹ ਲੈਂਦਾ ਇਹਦਾ ਸੁੰਦਰ ਸਰੂਪ ਸੋਹਣਾ, ਹੋਰ ਚੰਗਾ ਇਹਦੇ ਨਾਲੋਂ ਦਿਸੇ ਨਾ ਜਹਾਨ ਤੇ।
ਮਹਿਕਾਂ ਦੇ ਵਰੋਲੇ ਵੱਸੇ ਕੁਦਰਤ ਕੋਲੇ ਆਣ, ਉਂਗਲੀ ਉਠਾਵੇ ਕੌਣ ਇਹਦੀ ਸ਼ਾਨ ਬਾਨ ਤੇ ।
ਫੁੱਲਾਂ ਦੇ ਅਨੇਕ ਰੰਗ ਫਿਜ਼ਾ ਖੜੇ ਮੰਗ ਮੰਗ, ਉਪਮਾ ਕੀ ਲਿਖੇ ਕਵੀ ਹੁਸਨਾ ਦੀ ਸ਼ਾਨ ਤੇ।
ਤੱਕਿਆਂ ਸਰੂਰ ਤੇ ਗਰੂਰ ਆਵੇ ਸਭ ਤਾਈਂ, ਜਾਦੂ ਜਿਹਾ ਧੂੜ ਦੇਂਦੀ ਹਰ ਇਨਸਾਨ ਤੇ।
ਜੱਗ ਤੇ ਬਹਾਰ ਆਉਂਦੀ ਛੇਵੀਂ ਰੁੱਤ ਬਣ ਭਾਵੇਂ, ਪਰ ਗੁਰਧਾਮ ਸਾਡੇ ਸਦਾ ਹੀ ਬਹਾਰ ਹੈ।
ਹੋਏ ਕਿਓਂ ਨਾ ਨੂਰ ਕਣ ਕਣ ਪਤੇ ਪੱਤੇ ਉੱਤੇ, ਜਿਹੜੇ ਥਾਂ ਦਾ ਆਪ ਕਰਤਾਰ ਪਹਿਰੇਦਾਰ ਹੈ ।
ਖਿੜਿਆ ਗੁਲਾਬ ਬਣ ਲਹੂ ਹੈ ਸ਼ਹੀਦਾਂ ਵਾਲਾ, ਕਲੀਆਂ ਤੇ ਆਇਆ ਨਾਮ ਰੰਗ ਦਾ ਨਿਖਾਰ ਹੈ।
ਬਾਜਵਾ ਦੀਵਾਨਾ ਮਸਤਾਨਾ ਪ੍ਰਵਾਨਾ ਹੋਇਆ, ਕੋਟਿ ਕੋਟਿ ਕੋਟਿ ਕੋਟਿ ਕੀਤੀ ਨਿਮਸਕਾਰ ਹੈ।

**ਲਖਵਿੰਦਰ ਸਿੰਘ ਬਾਜਵਾ**







ਸ੍ਰੀ ਸਤਿਗੁਰੂ ਹਰੀਸਿੰਘ ਜੀ ਮਹਾਰਾਜ ॥

































































## ਜਿੱਥੇ ਗੋਡੇ ਗੋਡੇ ਮਹਿਕਾਂ

ਜਿੱਥੇ ਗੋਡੇ ਗੋਡੇ ਮਹਿਕਾਂ, ਗਿੱਠ ਗਿੱਠ ਉੱਤੇ ਛਾਵਾਂ
ਤੇ ਸੁਗੰਧੀਆਂ ਚ' ਭਿੱਜੀਆਂ ਨੇ ਵਗਦੀਆਂ ਹਵਾਵਾਂ
ਭੈਣੀ ਸਹਿਬ ਹੈ ਰਖਾਇਆ ਇਸ ਧਰਤੀ ਨੇ ਨਾ
ਇਹਦੀ ਛੋਹ ਲਈ ਰੁਕ ਰੁਕ ਚੱਲਦਾ ਸਮਾਂ
ਲੱਖਾਂ ਹਿੱਕਾਂ ਉੱਤੇ ਲਿਖਿਆ ਹੈ ਇਹਦਾ ਸਿਰਨਾਵਾਂ
ਜਿੱਥੇ ਗੋਡੇ ਗੋਡੇ ਮਹਿਕਾਂ, ਗਿੱਠ ਗਿੱਠ ਉੱਤੇ ਛਾਵਾਂ
ਤੇ ਸੁਗੰਧੀਆਂ ਚ' ਭਿੱਜੀਆਂ ਨੇ ਵਗਦੀਆਂ ਹਵਾਵਾਂ
ਤੰਤੀ ਸਾਜ਼ਾਂ ਸੰਗ ਗਾਈ ਜਾਂਦੀ ਰਾਗ ਵੱਧ ਬਾਣੀ
ਤੇ ਮਾਲਾ ਨਾਲ ਹਿਰਦੇ ਵਸਾਈ ਜਾਂਦੀ ਬਾਣੀ
ਭਜਨ ਬੰਦਗੀ ਨੂੰ ਰੱਖਣਾ ਹੈ ਜਿੰਦਗੀ ਨਾ ਸਾਵਾਂ
ਜਿੱਥੇ ਗੋਡੇ ਗੋਡੇ ਮਹਿਕਾਂ, ਗਿੱਠ ਗਿੱਠ ਉੱਤੇ ਛਾਵਾਂ
ਤੇ ਸੁਗੰਧੀਆਂ ਚ' ਭਿੱਜੀਆਂ ਨੇ ਵਗਦੀਆਂ ਹਵਾਵਾਂ
ਵੱਸੇ ਚੇਤਿਆਂ ਚ' ਸਦਾ ਜਿੱਥੇ ਗੁਰੂ ਉਪਕਾਰ
ਰਹਿੰਦਾ ਸਤਿਗੁਰੂ ਚੇਤੇ ਜਾਂਦਾ ਭੁਲ ਸੰਸਾਰ
ਝੱਲਾ ਦਿਲ ਪਿਆ ਆਖੇ ਮੈਂ ਤੇ ਏਥੇ ਰੁਕ ਜਾਵਾਂ
ਜਿੱਥੇ ਗੋਡੇ ਗੋਡੇ ਮਹਿਕਾਂ, ਗਿੱਠ ਗਿੱਠ ਉੱਤੇ ਛਾਵਾਂ
ਤੇ ਸੁਗੰਧੀਆਂ ਚ' ਭਿੱਜੀਆਂ ਨੇ ਵਗਦੀਆਂ ਹਵਾਵਾਂ

**ਅਜੀਤ ਸਿੰਘ ਲਾਇਲ**















Gol Mandir























Football Ground











## ਇਹ ਮਹਿਕਾਂ ਦੀ ਧਰਤੀ


ਇਹ ਇਨਕਲਾਬੀਆਂ ਦੀ ਧਰਤੀ, ਹੈ ਪੰਜਾਬੀਆਂ ਦੀ ਧਰਤੀ,
ਮਲਵਈਆਂ ਮਝੈਲਾਂ ਤੇ ਦੁਆਬੀਆਂ ਦੀ ਧਰਤੀ।
ਇਹ ਮਹਿਕਾਂ ਦੀ ਧਰਤੀ ਇਹ ਛਾਵਾਂ ਦੀ ਧਰਤੀ, ਇਹ ਰੱਬ ਦੇ ਘਰ ਜਾਂਦੇ ਰਾਹਵਾਂ ਦੀ ਧਰਤੀ,
ਇਹ ਰਾਗਾਂ ਦੀ ਧਰਤੀ ਇਹ ਤਾਨਾਂ ਦੀ ਧਰਤੀ, ਰੌਸ਼ਨ ਦਿਮਾਗਾਂ ਉੱਚੀਆਂ ਸ਼ਾਨਾ ਦੀ ਧਰਤੀ।
ਇਹ ਵੈਰੀ ਦੀ ਹਿੱਕ ਤੇ ਮੂੰਗ ਦਲਦੀ ਰਹੀ ਹੈ, ਏਥੇ ਹਵਾ ਵੀ ਪੁੱਛ ਪੁੱਛ ਚਲਦੀ ਰਹੀ ਹੈ,
ਇਨਕਲਾਬਾਂ ਦੀ ਜੋਤੀ ਇੱਥੇ ਬਲਦੀ ਰਹੀ ਹੈ, ਹਰ ਬਾਗੀ ਸੁਰ ਇੱਥੇ ਪਲਦੀ ਰਹੀ ਹੈ।
ਇਸਦੇ ਜਰੇ ਬਣੇ ਸੂਰਜ,ਨੇ ਅੰਬਰ ਤੇ ਚਮਕੇ, ਅਮਰ ਹੋ ਗਏ ਕਾਲੇ ਪਾਣੀਆਂ ਚ'ਰਮਕੇ,
ਪਾਏ ਪੂਰਨਿਆਂ ਤੇ ਅੱਜ ਵੀ ਹਾਂ ਲਿਖਦੇ, ਸਿੱਖ ਹਾਂ ਉਸੇ ਦੇ,ਅੱਜ ਵੀ ਹਾਂ ਸਿੱਖਦੇ।
ਇਤਹਾਸ ਆਪਣਾ ਲਿਖਿਆ ਹੈ ਸਮਿਆਂ ਦੀ ਹਿੱਕਤੇ, ਭਟਕੇ ਨਹੀਂ ਥਾਂ ਥਾਂ ਹੈ ਵਿਸ਼ਵਾਸ਼ ਇਕ ਤੇ,
ਜ਼ਮਾਨੇ ਦਾ ਰੰਗ ਨਹੀਂ ਹੈ ਪੁਸ਼ਾਕ ਸਾਦੀ, ਮਰਿਯਾਦਾ ਹੈ ਜੀਵਨ ਖੁਰਾਕ ਹੈ ਸਾਦੀ।
ਇਹਨਾ ਹੱਸਦੇ ਗੁਲਾਬਾਂ ਤੇ ਮੱਖਮਲੀ ਘਾਹਾਂ, ਫ਼ਿਜ਼ਾ ਵਿਚ ਜੋ ਮਹਿਕਾਂ ਘੁਲਣ ਵਿਚ ਸਾਹਾਂ,
ਇਹ ਗੇਂਦੇ ਇਹ ਕਲੀਆਂ ਇਹ ਪਾਮ ਬੋਲਦੇ ਨੇ, ਨਾਮ ਉਸਦਾ ਮੋਰ ਸੁਬਾਹ ਸ਼ਾਮ ਬੋਲਦੇ ਨੇ,
ਇਹ ਬਜ਼ੁਰਗ ਬੋਹੜ ਪਿੱਪਲ, ਇਤਹਾਸ ਦੇ ਗਵਾਹ ਨੇ, ਹਰਿਆਲੀਆਂ ਨੇ ਜੀਵਨ, ਛਾਵਾਂ ਉਤਸ਼ਾਹ ਨੇ।
ਜਦੋਂ ਤੰਤੀ ਸਾਜ਼ਾਂ ਸੰਗ ਪੜ੍ਹੀ ਸੁਣੀ ਜਾਏ ਬਾਣੀ, ਸੁਹਾਵਣਾ ਸਮਾਂ ਉਹ, ਰੁੱਤ ਵੀ ਸੁਹਾਣੀ,
ਬੜੇ ਜਖ਼ਮ ਆਪਣੇ ਇਸ ਸੀਨੇ ਚ' ਛੁਪਾਏ, ਪਰ ਇਸ ਗੀਤ ਵੀ ਅਜ਼ਾਦੀਆਂ ਦੇ ਗਾਏ,
ਸਮੇਂ ਦੇ ਸਿਤਮ ਇਸ ਹੱਡੀਂ ਹੰਢਾਏ, ਤਾਂਹੀ ਨਾਮ 'ਕੋਮਲ' ਇਸ ਧਰਤ ਨੇ ਕਮਾਏ,

**ਸਤਿਨਾਮ ਸਿੰਘ ਕੋਮਲ**















































# ਮੇਰੇ ਪਿਆਰੇ ਦਾ ਵੰਦਨ

ਇਹ ਫੁੱਲਾਂ, ਇਹ ਕਲੀਆਂ ਤੇ ਵੇਲਾਂ ਦਾ ਵੰਦਨ
ਇਹ ਧੁੱਪਾਂ, ਇਹ ਰਿਸ਼ਮਾਂ ਦੁਮੇਲਾਂ ਦਾ ਵੰਦਨ।
ਇਹ ਘੋਗੇ, ਇਹ ਸਿੱਪੀਆਂ ਇਹ ਰੋੜਾਂ ਦਾ ਵੰਦਨ
ਇਹ ਢਾਬਾਂ, ਤੇ ਪਿਪਲਾਂ ਤੇ ਬੋਹੜਾਂ ਦਾ ਵੰਦਨ।
ਇਹ ਯੁੱਗਾਂ ਦਾ ਵੰਦਨ ਤੇ ਸਦੀਆਂ ਦਾ ਵੰਦਨ
ਇਹ ਦਰਿਆ, ਇਹ ਖਾਲ੍ਹੇ ਇਹ ਨਦੀਆਂ ਦਾ ਵੰਦਨ।
ਇਹ ਛੰਨਾਂ, ਇਹ ਢਾਰੇ ਇਹ ਚੁੱਲਿਆਂ ਦਾ ਵੰਦਨ
ਇਹ ਵਾਰਸ, ਫਰੀਦਾਂ ਇਹ ਬੁੱਲਿਆਂ ਦਾ ਵੰਦਨ।
ਇਹ ਕਾਮੇ, ਕਿਸਾਨਾ ਜਵਾਨਾ ਦਾ ਵੰਦਨ
ਇਹ ਮਰ ਕੇ ਵੀ ਜੀਵਣ, ਸ਼ਾਨਾ ਦਾ ਵੰਦਨ।
ਇਹ ਸਧਰਾਂ ਤੋਂ ਊਣੇ ਤੇ ਥੁੜਿਆਂ ਦਾ ਵੰਦਨ
ਇਹ ਪੜ੍ਹਿਆਂ ਤੋਂ ਅੱਗੇ ਹੈ ਗੁੜਿਆਂ ਦਾ ਵੰਦਨ।
ਇਹ ਖੰਡਾਂ, ਖਲਾਵਾਂ, ਇਹ ਵਾਵਾਂ ਦਾ ਵੰਦਨ
ਇਹ ਧੁਰ ਤੋਂ ਧਰਾਂ ਤੀਕ ਰਾਹਵਾਂ ਦਾ ਵੰਦਨ।
ਇਹ ਸੂਲੀ, ਇਹ ਪਿਆਲੇ, ਜ਼ੰਜ਼ੀਰਾਂ ਦਾ ਵੰਦਨ
ਇਹ ਦੇਗਾਂ ਚ' ਹੱਸਦੇ ਫਕੀਰਾਂ ਦਾ ਵੰਦਨ।
ਇਹ ਬਿੱਜੜੇ, ਪਪੀਹੇ ਤੇ ਮੋਰਾਂ ਦਾ ਵੰਦਨ
ਇਹ ਘੁੱਗੀਆਂ, ਇਹ ਚਿੜੀਆਂ ਚਕੋਰਾਂ ਦਾ ਵੰਦਨ।
ਇਹ ਧਰਤੀ ਦੇ ਮਾਲੀ ਦੇ ਬਾਗਾਂ ਦਾ ਵੰਦਨ
ਇਹ ਤਾਨਾਂ ਇਹ ਤਾਲਾਂ ਇਹ ਰਾਗਾਂ ਦਾ ਵੰਦਨ।
ਇਹ ਸ਼ੰਖਾਂ, ਅਜ਼ਾਨਾਂ ਨਗਾਰੇ ਦਾ ਵੰਦਨ
ਇਹ ਕਣ ਕਣ ਚ' ਮੇਰੇ ਪਿਆਰੇ ਦਾ ਵੰਦਨ।

**ਸ਼ਿਵ ਰਾਜ਼ ਲੁਧਿਆਣਵੀ**





















































































## ਤੂੰ ਹੀ ਤੂੰ

ਮੇਰੇ ਅਹਿਸਾਸ ਕੁਦਰਤ ਦੇ ਹਸੀਨ ਨਜ਼ਾਰਿਆਂ ਦੇ
ਹਰ ਕਣ ਵਿਚ  ਤੇਰੀ ਮੌਜੂਦਗੀ ਦਾ
ਭਰਪੂਰ ਆਨੰਦ ਮਾਣਦੇ ਨੇ।
ਤੇਰੇ ਹਰ ਰੂਪ ਦੇ ਦ੍ਰਿਸ਼ ਦਾ ਅੰਮ੍ਰਿਤਪਾਨ ਕਰਨ ਲਈ,
ਮੇਰੇ ਜਿਸਮ ਦੀ ਸਾਰੀ ਸ਼ਕਤੀ ਮੇਰੇ ਨੈਣਾਂ ‘ਚ ਆ ਜਾਂਦੀ ਹੈ।
ਮੇਰੇ ਹਰ ਗਮ, ਹਰ ਖੁਸ਼ੀ ਵਿਚ ਤੂੰ ਸ਼ਰੀਕ ਹੈਂ
ਕੋਈ ਥਾਂ ਨਹੀਂ, ਕੋਈ ਅਵਸਰ ਨਹੀਂ
ਜਿਥੇ ਤੂੰ ਨਹੀਂ ਹੈ,  ਤੂੰ ਹੀ, ਤੂੰ ਹੈਂ !

**ਸੂਬਾ ਸੁਰਿੰਦਰ ਕੌਰ ਖਰਲ**

## ਫੁਲਵਾੜੀ

ਜਗਜੀਤ ਗੁਰੂ ਦੀ ਪਿਆਰੀ ਇਹ ਫੁਲਵਾੜੀ,
ਮਹਿਕਾਂ ਮਾਰਦੀ ਹੈ ਮੀਲਾਂ ਤੱਕ ਇਹ ਭੈਣੀ ਦੀ ਪਿਆਰੀ,
ਤਕਿਆਂ ਜਿਸ ਮੰਨ ਚਹਿਕ ਉਠਦਾ,
ਬਹਿਸ਼ਤਾਂ ਤੋਂ ਵੱਧ ਜਿਸ ਦੀ ਰੰਗਤ, ਕਾਇਨਾਂਤਾਂ ਤੋਂ ਸੁੰਦਰ ਇਹ ਕਿਆਰੀ ।
ਭੈਣੀ ਦੇ ਬਾਗ਼ਾਂ ਵਿਚ, ਹੰਸਾਂ ਮੋਤੀ ਚੁਗਦੇ, ਮੋਰ ਪਾਉਂਦੇ ਨੇ ਪੈਲਾਂ
ਸਤਵਰਗ, ਗੁਲਾਬ ਅਤੇ ਬੇਸ਼ੁਮਾਰ ਮਹਿਕਦੇ ਗੁਲਦੱਸਤੇ,
ਨੱਚ ਕੇ ਅਲਾਪਦੇ ਨੇ ਰਾਗ ਬਸੰਤ ਬਹਾਰ ਦੇ ਸੁਰ,
ਸੰਗਤਾਂ ਮਿਲਕੇ ਕਰਦੀਆਂ ਨੇ ਰਾਤ ਕੀ ਰਾਣੀ ਦੀਆਂ ਸੈਲਾਂ

**ਹਰਜਿੰਦਰ ਸਿੰਘ ਕੰਵਲ**

# ਬਲਿਹਾਰੀ ਕੁਦਰਤਿ ਵਸਿਆ

ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਤੇ ਦੂਰੋਂ ਦੂਰੋਂ ਸੰਗਤਾਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਅਤੇ ਅਸ਼ੀਰਵਾਦ ਵਾਸਤੇ ਆਉਂਦੀਆਂ ਹਨ ਅਤੇ ਆਪਣਾ ਜਨਮ ਸਫਲ ਕਰਦੀਆਂ ਹਨ। ਅਸੀਂ ਵੀ ਇਸ ਵਾਰ ਹੋਲੇ ਮਹੱਲੇ ਵਿਚ ਸ਼ਾਮਲ ਹੋਣ ਲਈ ਅਤੇ ਸ੍ਰੀ ਸਤਿਗੁਰੂ ਜੀ ਦੇ ਅਤੇ ਸਾਧ ਸੰਗਤ ਦੇ ਦਰਸ਼ਨ ਲਈ ਆਏ ਸਨ ਪਰ ਇਸ ਵਾਰੀ ਸ੍ਰੀ ਭੈਣੀ ਸਾਹਿਬ ਨੂੰ ਇਕ ਵਖਰੇ ਨਜਰੀਏ ਨਾਲ ਦੇਖਣ ਦਾ ਸੁਭਾਗ ਪ੍ਰਾਪਤ ਹੋਇਆ। ਸ੍ਰੀ ਭੈਣੀ ਸਾਹਿਬ ਦੀ ਹਰਿਆਵਲ ਦੇਖ ਕੇ ਮਨ ਬਹੁਤ ਪ੍ਰਭਾਵਤ ਹੋਇਆ ਤੇ ਇਸ ਦੀ ਖੂਬਸੂਰਤੀ ਨੂੰ ਮਾਣਨ ਦਾ ਸੁਭਾਗ ਵੀ ਪ੍ਰਾਪਤ ਹੋਇਆ।

ਇਥੇ ਦਰਜਨਾਂ ਦੇ ਹਿਸਾਬ ਨਾਲ ਖੁਬਸੂਰਤ ਘਾਵਾਂ ਦੇ ਪਾਰਕ ਹਨ, ਜਿਹਨਾਂ ਦੀ ਦੇਖ ਭਾਲ ਬਹੁਤ ਅਛੇ ਤਰੀਕੇ ਨਾਲ ਹੁੰਦੀ ਹੈ. ਇਨਾਂ ਦੀ ਸਾਫ ਸਫਾਈ ਦੇ ਖਾਸ ਪ੍ਰਬੰਧ ਕਾਰਨ ਸਾਧ ਸੰਗਤ ਇਨਾਂ ਤੇ ਨੰਗੇ ਪੈਰੀ ਚਲ ਕੇ ਅਨੰਦ ਮਾਣਦੀਆਂ ਹਨ, ਨਾਮ ਸਿਮਰਨ ਕਰਦੀਆਂ ਹਨ, ਬੈਠ ਕੇ ਵਿਚਾਰਾਂ ਕਰਦੀਆਂ ਹਨ।

ਫੁੱਲਾਂ ਦੀਆਂ ਅਣਗਿਣਤ ਕਿਆਰੀਆਂ ਹਨ, ਜਿਨਾਂ ਵਿਚ ਭਾਂਤ ਭਾਂਤ ਦੇ ਫੁੱਲ ਹਨ ਅਤੇ ਇਨਾਂ ਦੀ ਦੇਖ ਭਾਲ ਇਕ ਟੋਲੀ ਕਰਦੀ ਹੈ, ਜੋ ਉਨਾਂ ਨੂੰ ਹਮੇਸ਼ਾਂ ਖਿੜਿਆ ਰਖਦੀ ਹੈ। ਛੋਟੇ ਵਡੇ ਗਮਲਿਆਂ ਵਿਚ ਵੀ ਅਨੇਕ ਭਾਂਤ ਦੇ ਫੁੱਲ ਲਗਾਏ ਹਨ ਜੋ ਸਾਰਾ ਸਾਲ ਦਰਸ਼ਕਾਂ ਦੇ ਮਨ ਮੋਹਂਦੇ ਹਨ। ਇਸ ਜਗਾ ਤੇ ਕਈ ਕਿਸਮਾਂ ਦੇ ਦਰਖਤ ਹਨ, ਕਈ ਤਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਪਣੇ ਹਸਤ ਕਮਲਾਂ ਨਾਲ ਲਾਇਆ ਹੈ। ਇਸ ਵਰਤਮਾਨ ਸਮੇਂ ਦੀ ਬਣਤਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਦੁੱਤੀ ਸੋਚ ਅਤੇ ਵਿਚਾਰ ਦੀ ਦੇਣ ਹੈ। ਜੋ ਜੋ ਵੀ ਸ੍ਰੀ ਸਤਿਗੁਰੂ ਜੀ ਨੇ ਚਿਤਵਿਆ, ਭਾਵੇਂ ਉਹ ਭਗਤੀ ਹੋਵੇ, ਸੰਗੀਤ ਹੋਵੇ, ਇਮਾਰਤਾਂ ਅਤੇ ਸ਼ਹੀਦੀ ਅਸਥਾਨ ਹੋਣ, ਪੁਸਤਕਾਂ ਹੋਣ, ਬਗੀਚੇ ਹੋਣ, ਮੇਲੇ ਹੋਣ, ਵਿਦਿਅਕ ਸੰਮੇਲਣ ਹੋਣ, ਖੇਡਾਂ ਹੋਣ, ਖੇਤੀ ਹੋਵੇ ਉਨ੍ਹਾਂ ਨੂੰ ਉਚ ਕੋਟੀ ਤਕ ਪਹੁਚੌਣ ਦੇ ਹਮੇਸ਼ਾਂ ਯਤਨਸ਼ੀਲ ਰਹੇ। ਸ੍ਰੀ ਸਤਿਗੁਰੂ ਜੀ ਕੁਦਰਤ ਨੂੰ ਇਨ੍ਹਾਂ ਪਿਆਰ ਕਰਦੇ ਸੀ ਕਿ ਉਨ੍ਹਾਂ ਦੀ ਦੂਰ ਅੰਦੇਸ਼ੀ ਸਦਕਾ ਇਹ ਇਕ ਛੋਟਾ ਜਿਹਾ ਪਿੰਡ ਇਕ ਹਰਿਆਵਲ ਦਾ ਬਹੁਤ ਵਡਾ ਮਿਕਦਾਰ ਬਣ ਗਿਆ ਹੈ। ਸ੍ਰੀ ਸਤਿਗੁਰੂ ਜੀ ਨੇ ਆਪ ਅਨੇਕਾਂ ਦਰਖਤ ਅਤੇ ਬੂਟੇ ਦੇਸ਼ਾਂ ਵਿਦੇਸ਼ਾਂ ਤੋਂ ਲਿਆ ਕੇ ਲਾਏ ਅਤੇ ਕਈ ਇਮਾਰਤਾਂ ਦੀ ਜਗਾ ਹਰਿਆਵਲ ਦੇ ਖੁਬਸੂਰਤ ਮੈਦਾਨ ਬਣਵਾ ਦਿਤੇ ਹਨ।

ਤਕਰੀਬਨ ਹਰ ਇਕ ਇਤਿਹਾਸਕ ਇਮਾਰਤ ਦੇ ਆਲੇ ਦੁਆਲੇ ਬਹੁਤ ਸਾਰੇ ਦਰਖਤ, ਝਾੜੀਆਂ ਅਤੇ ਫੁਲਾਂ ਦੇ ਬਗੀਚੇ ਹਨ, ਜੋ ਇਨ੍ਹਾਂ ਇਮਾਰਤਾਂ ਨੂੰ ਹੋਰ ਖੁਬਸੂਰਤ ਬਣਾ ਦਿੰਦੀਆਂ ਹਨ। ਰਸਤਿਆਂ ਦੇ ਨਾਲ ਉੱਚੇ ਉੱਚੇ ਦਰਖਤ ਲਗਾਏ ਹਨ ਅਤੇ ਨਾਮਧਾਰੀ ਸਿਖਾਂ ਦਾ ਇਹ ਕੇਂਦਰ ਇਕ ਸਵਰਗ ਦਾ ਅਹਿਸਾਸ ਕਰਵਾਉਂਦਾ ਹੈ। ਸ੍ਰੀ ਸਤਿਗੁਰੂ ਜੀ ਦੀ ਦੂਰ ਅੰਦੇਸ਼ੀ ਸਦਕਾ ਇਹ ਪਿੰਡ ਕਿਸੇ ਹੋਰ ਹੀ ਬ੍ਰਹਮੰਡ ਦੀ ਯਾਦ ਦਿਲਾਉਂਦਾ ਹੈ।

ਇਸੇ ਸੋਚ ਅਤੇ ਦੂਰ ਅੰਦੇਸ਼ੀ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਹੋਰ ਅਗੇ ਵਧਾਇਆ ਹੈ। ਹਰੇਕ ਸਾਲ ਹਜ਼ਾਰਾਂ ਦੀ ਗਿਣਤੀ ਵਿਚ ਫੁੱਲਾਂ ਦੀ ਪਨੀਰੀ ਅਤੇ ਬੂਟੇ, ਖਾਸ ਤੌਰ ਤੇ ਬੰਗਲੌਰ ਫਾਰਮ ਤੋਂ ਭੇਜਦੇ ਹਨ ਜੋ ਸਾਰਾ ਸਾਲ ਸ੍ਰੀ ਭੈਣੀ ਸਾਹਿਬ ਨੂੰ ਹਰੀਆਵਲਾ ਅਤੇ ਖੁਬਸੂਰਤ ਬਣਾਈ ਰਖਦੇ ਹਨ। ਇਸ ਪਵਿਤਰ ਅਸਥਾਨ ਦੇ ਵਡੇ ਮਲਮਲੀ ਗਲੀਚਿਆਂ ਵਰਗੇ ਮੈਦਾਨ ਅਤੇ ਹਰਿਆਵਲ ਦੇਖ ਕੇ ਮਨ ਨੂੰ ਤ੍ਰਿਪਤੀ ਹੁੰਦੀ ਹੈ। ਇਸ ਦੇ ਸਦੀਆਂ ਪੁਰਾਣੇ ਬ੍ਰਿਛ ਆਪ ਨੂੰ ਕਈ ਪੁਰਾਤਨ ਇਤਿਹਾਸਕ ਕਹਾਣੀਆਂ ਸੁਣਾਉਣ ਨੂੰ ਬੇਤਾਬ ਹਨ।

ਇਸ ਕੁਦਰਤ ਨਾਲ ਲਭਾ ਲਭ ਅਸਥਾਨ ਦਾ ਅਨੰਦ ਪਸ਼ੂ ਪੰਛੀ ਵੀ ਖੂਬ ਮਾਣਦੇ ਹਨ। ਕੋਇਲ ਅਤੇ ਮੋਰਾਂ ਦੀ ਕੂਕ, ਪੰਛੀਆਂ ਦੀ ਚਹਿਕ ਅਤੇ ਦਿਲਕਸ਼ ਸੰਗੀਤਮਈ ਅਵਾਜਾਂ ਸਾਰਾ ਦਿਨ ਇਕ ਸਵਰਗੀ ਮਹੌਲ ਦੇ ਨਜ਼ਾਰਿਆਂ ਦਾ ਪ੍ਰਤੀਕ ਹੈ, ਜੋ ਸੁਵੇਰੇ ਅਤੇ ਸ਼ਾਮ, ਇਕ ਵਡੇ ਅੰਦਾਜ, ਸਮੇਲ ਨਾਲ ਇਕ ਸੰਗੀਤ ਸੰਮੇਲਣ ਦਾ ਅਹਿਸਾਸ ਦਿਵਾਂਉਦੇ ਹੈ। ਇਸ ਨਜ਼ਾਰੇ ਦਾ ਅਨੰਦ ਸਿਰਫ ਇਸੇ ਜਗਾ ਉਤੇ ਆਕੇ ਹੀ ਅਨੁਭਵ ਕਰ ਸਕਦੇ ਹੋ।

ਇਹ ਪੁਸਤਕ ਸ੍ਰੀ ਸਤਿਗੁਰੂ ਜੀ ਦੀ ਉਪਮਾਂ ਅਤੇ ਕੁਦਰਤ ਦੇ ਕ੍ਰਿਸ਼ਮਿਆਂ ਦੀ ਝਲਕ, ਦਾਸ ਦਾ ਇਕ ਨਿਮਾਣਾ ਜਿਹਾ ਕਾਰਜ ਹੈ।

## Balhari Kudrat Vasiya

**Everyone from far and wide comes to the Holy place, Sri Bhaini Sahib to seek the blessings of Sri Satguru Ji. The great struggle to free India started from this very place in 1857. This place is called the most peaceful place on earth. This is the place where lakhs of Sadharan Paths, Havans, Chandi Di Var, Chopai Sahib bhogs have been performed. The pure and erythematic sounds of Gurbani,. Sangeet and instrumental music emanating from here are admired around the world.**

**We also came to participate in the Hola Mahalla and have Darshan of Satguru JI and Sadh Sangat. During this time however, apart from doing our daily routines, we had an opportunity to observe Sri Bhaini Sahib from a slightly different angle. I was amazed at how much greenery exists here and how well it is preserved and looked after. This became the most enjoyable time of our lives.**

**There are dozens of grass lawns, which are meticulously manicured. These are kept in immaculate condition and Sangat loves to stroll on these plush green lawns, gather under the tree shades, for discussions and daily meditation.**

**There are numerous flower beds which hosts many different varieties of flowers. These are well looked after by a specialist dedicated team, who keep them in pristine condition. Apart from flower beds, there are numerous pot plants which enhances the beauty of this little heaven all yar around. To top all this the kind and variety of birds from peacocks to starlings to koyal and their songs, especially during morning and evenings and rendered through the day and night is a treat itself.**

**Then the story of trees is an interesting topic. There are so many different trees here and some of them have been planted by Sri Satguru Ram Singh Ji, Sri Satguru Hari Singh Ji and Sri Satguru Partap Singh Ji. Sri Satguru Jagjit Singh Ji was an inspiration behind the present look of Sri Bhaini Sahib. Everything He inspired resulted in an excellent result, be it Music and Music Festivals, Buildings and Memorials, Literature, Gardens, Parks, Melas, Vidhyak Samelans, Sports, Agriculture, Old Age Homes, etc. He loved nature so much and with His vision, transformed this little village into an oasis of greenery. He personally brought some rare trees and plants from all over the world and got them planted in this little oasis. He personally oversaw and land-scaped many areas and this created a vast number of green parks and recreational facilities.**

**Almost every historic building is beautifully surrounded by trees, hedges and flowers. The paths are lined by tall trees. It actually gives you an impression of Heaven when you enter the headquarters of Namdhari Sikhs. Due to Sri Satguru Jagjit Singh Ji brilliant vision it feels like you are on another planet.**

**These ideas have been further enhanced by Sri Satguru Uday Singh Ji, and this has made Sri Bhaini Sahib a delight to visit and enjoy. Sri Satguru Uday Singh Ji has taken His interest in organic farming to flowers as well, and has been the Prime source behind the present look of Sri Bhaini Sahib. Over 25000 flower seedlings and plants are sent to Sri Bhaini Sahib every year from Namdhari Seeds Bangalore, with over 35 different varieties.**

**He is passionate about the nature. All this vision means that every visitor admires the beautifully open green spaces, wonderstruck by wonderful plants, beautifully manicured grass lawns and the arrangement and layout of the flower beds. The visitors automatically are greatly impressed by this vast and inspiring landscapes. The age-old trees stand tall waiting to narrate some historic stories.**

# ਧੰਨਵਾਦ

ਸਭ ਤੋਂ ਪਹਿਲਾਂ ਦਾਸ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਅਤੀ ਰਿਣੀ ਅਤੇ ਅਭਾਰੀ ਹੈ, ਜਿੰਨ੍ਹਾਂ ਨੇ ਪ੍ਰੇਣਨਾ ਅਤੇ ਮਾਰਗ ਦਰਸ਼ਨ ਕਰਕੇ ਇਸ ਸਚਿੱਤਰ ਪੁਸਤਕ ਦੀ ਪ੍ਰੇਣਨਾ ਦਿਤੀ ਅਤੇ ਵਡਮੁਲੇ ਵਿਚਾਰ ਦਿੱਤੇ। ਸ੍ਰੀ ਸਤਿਗੁਰੂ ਜੀ ਦੀ ਦੂਰ ਅੰਦੇਸ਼ੀ, ਕੁਦਰਤੀ ਅਤੇ ਸਾਫ ਵਾਤਾਵਰਨ ਪ੍ਰਤੀ ਧਿਆਨ ਹੀ ਸ੍ਰੀ ਭੈਣੀ ਸਾਹਿਬ ਦੀ ਇਸ ਨੁਹਾਰ ਦਾ ਸੂਚਕ ਹੈ

ਖਾਸ ਤੌਰ ਤੇ ਸਾਰੇ ਕਵੀ ਸਜਣਾਂ ਦਾ ਦਾਸ ਹਾਰਦਿਕ ਦਿਲੋਂ ਧੰਨਵਾਦ ਕਰਨਾ ਚਾਉਂਦਾ ਹਾਂ, ਜਿੰਨ੍ਹਾਂ ਨੇ ਦਾਸ ਦੀ ਬੇਨਤੀ ਤੇ ਖਾਸ ਇਸ ਪੁਸਤਕ ਵਾਸਤੇ ਆਪਣੀਆਂ ਰਚਨਾਂਵਾਂ ਭੇਜੀਆਂ – ਸੰਤ ਲਖਵਿੰਦਰ ਸਿੰਘ ਜੀ ਬਾਜਵਾ, ਸੰਤ ਅਜੀਤ ਸਿੰਘ ਜੀ ਲਾਇਲ, ਕਵੀਸ਼ਰ ਗੁਰਸੇਵਕ ਸਿੰਘ ਜੀ ਢਿਲੋਂ, ਸੰਤ ਸਤਨਾਮ ਸਿੰਘ ਜੀ ਕੋਮਲ, ਸੂਬਾ ਸੁਰਿੰਦਰ ਕੌਰ ਜੀ ਖਰਲ, ਸ੍ਰੀ ਸ਼ਿਵ ਰਾਜ ਲੁਧਿਆਣਵੀ ਅਤੇ ਸੰਤ ਹਰਜਿੰਦਰ ਸਿੰਘ ਜੀ ਕੰਵਲ।

ਸ: ਸੁਖਦੇਵ ਸਿੰਘ ਜੀ (ਮੁੱਖੀ–ਬਾਗਬਾਨੀ} ਦਾ ਵੀ ਧੰਨਵਾਦ ਕਰਨਾ ਚਾਉਂਦਾ ਹਾਂ, ਜੋ ਆਪਣੀ ਟੀਮ ਨਾਲ ਬਹੁਤ ਸ਼ਾਨਦਾਰ ਤਰੀਕੇ ਨਾਲ ਸ੍ਰੀ ਭੈਣੀ ਸਾਹਿਬ ਦੇ ਇੰਨ੍ਹਾਂ ਬਾਗਾਂ ਦੀ ਦੇਖਭਾਲ ਕਰ ਰਹੇ ਹਨ। ਸੰਤ ਹਾਕਮ ਸਿੰਘ, ਤਰਨ ਸਿੰਘ, ਬਲਦੇਵ ਕੌਰ, ਸ਼ਰਨ ਕੌਰ, ਸ਼ੇਰ ਸਿੰਘ ਦਾ ਵੀ ਧੰਨਵਾਦੀ ਹਾਂ, ਜਿੰਨ੍ਹਾਂ ਨੇ ਯੋਗਦਾਨ ਪਾ ਕੇ ਸਹਾਇਤਾ ਕੀਤੀ।

ਇਸ ਪੁਸਤਕ ਵਿਚ ਹੋਈਆਂ ਸਾਰੀ ਗਲਤੀਆਂ ਦੀ ਆਪ ਤੋਂ ਖਿਮਾਂ ਯਾਚਨਾ ਕਰਦਾ ਹਾਂ। ਮੈਨੂੰ ਇਸ ਗਲ ਦਾ ਪੂਰਾ ਅਹਿਸਾਸ ਹੈ ਕਿ ਪੁਰਾਤਨ ਅਤੇ ਇਤਿਹਾਸਕ ਬਿਰਛਾਂ ਦਾ ਇਤਿਹਾਸ ਅਤੇ ਨਾਮ ਨਹੀ ਲਿਖੇ ਹਨ। ਇਸ ਦੇ ਨਾਲ ਹੀ ਖੂਬਸੂਰਤ ਫੁਲਾਂ ਦਾ ਨਾਮ ਜਾਂ ਕਿਸਮਾਂ ਬਾਰੇ ਵੀ ਕੁਛ ਨਹੀ ਲਿਖਿਆ, ਇਹ ਮੇਰੀ ਜਾਣਕਾਰੀ ਦੀ ਕਮੀ ਕਰਕੇ ਹੈ, ਅਤੇ ਇਸ ਲਈ ਮੈਂ ਆਪ ਸਭ ਤੋਂ ਦਿਲੋਂ ਮਾਫੀ ਚਾਉਂਦਾ ਹਾਂ ਅਤੇ ਆਸ ਕਰਦਾ ਹਾਂ ਕਿ ਅਗਲੀ ਵਾਰ ਇਨ੍ਹਾਂ ਕਮੀਆਂ ਨੂੰ ਦੂਰ ਕੀਤਾ ਜਾਵੇ।

# Acknowledgements

**I would humbly like to thank Sri Satguru Uday Singh Ji for his inspiration and guidance in the preparation of this book. Without His vision and encouragement, it was not possible to initiate this task. His vision for the Natural and clean environment had made it possible for all the greenery look of Sri Bhaini Sahib.**

**I would also like to thank all the poets, who wrote special and dedicated poems just for this publication - Sant Lakhwinder Singh Ji Bajwa, Sant Ajit Singh Ji Lyall, Kavishar Gursewak Singh Ji, Sant Satnam Singh Ji Komal, Suba Surinder Kaur Ji Kharal, Sri Shiv Raj Ludhianvi and Sant Harjinder Singh Ji Kanwal.**

**I would also like to appreciate the efforts of Sant. Sukhdev Singh Ji (Head Gardener), who along with his team have ably maintained the gardens of Sri Bhaini Sahib so well. I also thank Taran Singh ji and Hakam Singh Ji for their contribution in making this publication, along with Badev Kaur, Sharan Kaur & Sher Singh**

**I would like to apologise for all the mistakes in this book. I am aware of the fact that there is no information about the history and names of all the ancient and historic trees. Also, there are no names linking all the flowers to their scientific or commonly known names. This is due to lack of my lack of knowledge. I would humbly like to apologise for the all the omissions and mistakes in this document. I hope this information will be available for the next version.**



Kuldip Singh Sukhdev Singh

## Sukhdev Singh
## Head Gardener

He was an established hockey player from the Namdhari Hockey team. Then he worked for the Namdhari Seeds and is now working as Head Gardener in Sri Bhaini Sahib for last 5-6 years. With the team of around 10 gardeners, they are looking after Sri Bhaini Sahib green project all year around. The result and efforts of their work is self evident from this pictorial book. Below is the list of some flowers grown in Sri Bhaini Sahib.

| SUMMER SESION | RAIN SESSION | WINTER SESSION |
|---|---|---|
| Sowing End Feb | Sowing End July | Sowing End Oct. |
| Voreties | Voreties | Voreties |
| Vinca | Celosia | Petunia |
| Poutulaca | Cosmos | Pansy |
| Cosmos | Balsum | Antivihnum |
| Zinnia | Gomphrena | Salvia |
| Gailandia Celosia | AM gold | Dianthus |
| | FM gold | Dahlia |
| | Salvia | Verbeena |
| | | Calendula |
| | | Pot mumans |



